# 21st Indian Ocean Rim Association Annual Council of Ministers' Meeting

November 17, 2021

…………………………

## 21ਵੀਂ ਹਿੰਦ ਮਹਾਂਸਾਗਰ ਰਿਮ ਸੰਗਠਨ ਦੀ ਸਾਲਾਨਾ ਮੰਤਰੀ ਮੰਡਲੀ ਮੀਟਿੰਗ

**17 ਨਵੰਬਰ, 2021**

ਭਾਰਤ ਨੇ 17 ਨਵੰਬਰ, 2021 ਨੂੰ ਮਾਨਯੋਗ ਵਿਦੇਸ਼ ਰਾਜ ਮੰਤਰੀ (MoS) ਡਾ. ਰਾਜਕੁਮਾਰ ਰੰਜਨ ਸਿੰਘ ਦੀ ਅਗਵਾਈ ਹੇਠ ਮਹਾਂਸਾਗਰ ਰਿਮ ਸੰਗਠਨ (IORA) ਦੀ 21ਵੀਂ ਸਾਲਾਨਾ ਮੰਤਰੀ ਮੰਡਲੀ ਮੀਟਿੰਗ (COM ) ਵਿਚ ਵਰਚੁਅਲ ਮਾਧਿਅਮ ਰਾਹੀਂ ਹਿੱਸਾ ਲਿਆ। IORA COM ਢਾਕਾ ਵਿਖੇ ਮਿਲੇਜੁਲੇ ਰੂਪ ਵਿਚ ਹੋਈ ਅਤੇ ਮੀਟਿੰਗ ਦੇ ਅਖੀਰ ਵਿਚ ਢਾਕਾ ਐਲਾਨ ਅਪਣਾਇਆ ਗਿਆ।

ਰਾਜ ਮੰਤਰੀ ਨੇ ਆਪਣੀ ਟਿੱਪਣੀ ਕਰਦੇ ਹੋਏ ਹਿੰਦ ਮਹਾਸਾਗਰ ਖੇਤਰ ਵਿਚ ਸਭ ਤੋਂ ਵੱਡੀ ਅਤੇ ਪ੍ਰਮੁੱਖ ਸੰਸਥਾ IORA ਨੂੰ ਹੋਰ ਮਜ਼ਬੂਤ ਕਰਨ ਲਈ ਭਾਰਤ ਦੀ ਮਜ਼ਬੂਤ ਵਚਨਬੱਧਤਾ ਦੁਹਰਾਈ, ਤਾਂ ਜੋ ਇਸ ਖੇਤਰ ਦੇ ਨਾਲ-ਨਾਲ ਵੱਡੇ ਹਿੰਦ-ਪ੍ਰਸ਼ਾਂਤ ਖੇਤਰ ਅੰਦਰ ਸ਼ਾਂਤੀ, ਸੁਰੱਖਿਆ ਅਤੇ ਖੁਸ਼ਹਾਲੀ ਨੂੰ ਉਤਸ਼ਾਹਿਤ ਕੀਤਾ ਜਾ ਸਕੇ। ਉਨ੍ਹਾਂ ਨੇ ਬਿਪਦਾ ਜੋਖਮ ਪ੍ਰਬੰਧਨ (DRM) ਸਬੰਧੀ IORA ਤਰਜੀਹੀ ਖੇਤਰਾਂ ਦੇ ਕੋਆਰਡੀਨੇਟਰ ਵਜੋਂ ਭਾਰਤ ਦਾ ਯੋਗਦਾਨ ਉਜਾਗਰ ਕੀਤਾ। 'ਕੋਵਿਡ-19 ਦਾ ਪ੍ਰਭਾਵ ਅਤੇ ਹਿੰਦ ਮਹਾਸਾਗਰ ਖੇਤਰ ਵਿੱਚ ਆਰਥਿਕ ਬਹਾਲੀ ਪ੍ਰਤੀ ਦ੍ਰਿਸ਼ਟੀਕੋਣ' ਵਿਸ਼ੇ 'ਤੇ ਰਣਨੀਤਕ ਵਾਰਤਾਲਾਪ ਦੌਰਾਨ ਕੋਵਿਡ-19 ਮਹਾਂਮਾਰੀ ਨਾਲ ਨਜਿੱਠਣ ਬਾਰੇ ਭਾਰਤ ਦੇ ਆਪਣੇ ਤਜ਼ਰਬੇ ਦਾ ਸੰਖੇਪ ਬਿਓਰਾ ਦਿੰਦੇ ਹੋਏ ਰਾਜ ਮੰਤਰੀ ਨੇ ਇਸ ਖੇਤਰ ਅੰਦਰਲੇ ਵੱਖ ਵੱਖ ਹਿੰਦ-ਪ੍ਰਸ਼ਾਂਤ ਦੇਸ਼ਾਂ ਲਈ ਪਹਿਲੇ ਜਵਾਬਦੇਹ ਵਜੋਂ ਭਾਰਤ ਦੀ ਮਦਦ ਨੂੰ ਰੇਖਾਂਕਿਤ ਕੀਤਾ ਅਤੇ ਏਕੇ ਦੀ ਭਾਵਨਾ ਨਾਲ ਆਪਣੇ ਤਜ਼ਰਬੇ ਅਤੇ ਸਰੋਤਾਂ ਨੂੰ ਸਾਂਝਾ ਕਰਨ ਲਈ ਭਾਰਤ ਦੀ ਤਿਆਰੀ 'ਤੇ ਜ਼ੋਰ ਦਿੱਤਾ।

IORA ਨੂੰ ਮਜ਼ਬੂਤ ਕਰਨ ਲਈ ਵਚਨਬੱਧ ਦੇਸ਼ ਹੋਣ ਦੇ ਨਾਤੇ ਭਾਰਤ ਨੇ ਮੌਜੂਦਾ ਸਾਲ ਦੌਰਾਨ ਕਈ ਪਹਿਲਾਂ ਸ਼ੁਰੂ ਕੀਤੀਆਂ ਹਨ, ਜਿਨ੍ਹਾਂ ਵਿਚ IORA ਸਕੱਤਰੇਤ ਦੀ ਸਹਾਇਤਾ ਕਰਨਾ, ਯੋਗ ਅਤੇ ਰਵਾਇਤੀ ਦਵਾਈਆਂ ਤੋਂ ਲੈ ਕੇ ਰਿਮੋਟ ਸੈਂਸਿੰਗ, UNCLOS ਅਤੇ ਸਮੁੰਦਰੀ ਡਾਟਾ ਪ੍ਰਬੰਧਨ ਤੱਕ ਦੇ ਖੇਤਰਾਂ ਵਿੱਚ ਸਮਰੱਥਾ ਨਿਰਮਾਣ ਵਰਕਸ਼ਾਪਾਂ ਕਰਾਉਣਾ ਅਤੇ IORA ਅਧੀਨ ਵੱਖ-ਵੱਖ ਮੁੱਦਿਆਂ ਬਾਰੇ ਚਰਚਾ ਵਿਚ ਮੋਢੀ ਭੂਮਿਕਾ ਨਿਭਾਉਣਾ ਸ਼ਾਮਲ ਹੈ।

ਰਾਜ ਮੰਤਰੀ ਨੇ IORA ਦੀ ਪ੍ਰਧਾਨਗੀ ਸੰਭਾਲਣ 'ਤੇ ਬੰਗਲਾਦੇਸ਼ ਨੂੰ ਵਧਾਈ ਦਿੱਤੀ। ਉਨ੍ਹਾਂ ਨੇ IORA ਦੇ ਨਵੇਂ ਸੰਵਾਦ ਭਾਈਵਾਲ ਵਜੋਂ ਰੂਸੀ ਸੰਘ ਦਾ ਸੁਆਗਤ ਕੀਤਾ। ਉਨ੍ਹਾਂ ਨੇ ਰਾਜਦੂਤ ਸਲਮਾਨ ਅਲ-ਫਾਰਸੀ ਨੂੰ IORA ਦਾ ਅਗਲਾ ਸਕੱਤਰ-ਜਨਰਲ (SG) ਚੁਣੇ ਜਾਣ 'ਤੇ ਵੀ ਵਧਾਈ ਦਿੱਤੀ ਅਤੇਆਸ ਪ੍ਰਗਟਾਈ ਕਿ ਫੁਲ ਟਾਈਮ SG ਦੇ ਹੋਣ ਨਾਲ ਇਸ ਸੰਸਥਾ ਨੂੰ ਨਵੀਂ ਊਰਜਾ ਅਤੇ ਦ੍ਰਿਸ਼ਟੀ ਦੇਣ ਵਿਚ ਮਦਦ ਮਿਲੇਗੀ।

ਨਵੀਂ ਦਿੱਲੀ

17 ਨਵੰਬਰ, 2021

DISCLAIMER: This is an approximate translation. The original is available in English on MEA's website and may be referred to as the official press release.